# ਮਾਲ ਪਟਵਾਰੀਆਂ ਦੀ ਕਾਊਂਸਲਿੰਗ ਸਬੰਧੀ ਹਦਾਇਤਾਂ।

1. ਯੋਗ ਉਮੀਦਵਾਰਾਂ ਵੱਲੋਂ ਜ਼ਿਲ੍ਹਿਆਂ ਦੀ ਤਰਜੀਹ ਦੇਣ ਲਈ **Preference form (Annexure A)** ਵੈਬ-ਸਾਈਟ ਤੇ ਅਪਲੋਡ ਕਰ ਦਿੱਤਾ ਗਿਆ ਹੈ। ਉਮੀਦਵਾਰ ਕੌਂਸਲਿੰਗ ਤੇ ਹਾਜ਼ਰ ਹੋਣ ਸਮੇਂ ਇਹ ਪ੍ਰੋਫਾਰਮਾ ਭਰਕੇ ਸਮੇਤ ਫੋਟੋ ਅਤੇ ਫੋਟੋ ਵਾਲਾ ਪਹਿਚਾਣ ਪੱਤਰ (ਆਧਾਰ ਕਾਰਡ, ਵੋਟਰ ਕਾਰਡ, ਡਰਾਇਵਿੰਗ ਲਾਇਸੈਂਸ, ਪਾਸਪੋਰਟ ਆਦਿ) ਨਿਯਤ ਮਿਤੀ ਤੇ ਦਫਤਰ ਡਾਇਰੈਕਟਰ ਭੋਂ ਰਿਕਾਰਡ, ਪੰਜਾਬ, ਕਪੂਰਥਲਾ ਰੋਡ, ਜਲੰਧਰ ਵਿਖੇ ਪੇਸ਼ ਕਰਨਗੇ।
2. ਉਮੀਦਵਾਰ ਦੀ ਮੈਰਿਟ ਅਤੇ ਮੰਗ ਅਨੁਸਾਰ ਅਲਾਟ ਕੀਤਾ ਗਿਆ ਜ਼ਿਲਾ ਕਿਸੇ ਵੀ ਸੂਰਤ ਵਿਚ ਬਦਲਿਆ ਨਹੀਂ ਜਾਵੇਗਾ। ਇਸ ਲਈ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਪਹਿਲਾਂ ਹੀ ਜ਼ਿਲਾ ਸਿਲੈਕਟ ਕਰਕੇ ਪ੍ਰੋਫਾਰਮਾ **(Annexure A)** ਭਰ ਕੇ ਕੌਂਸਲਿੰਗ ਲਈ ਹਾਜ਼ਰ ਹੋਣਗੇ।
3. ਜ਼ਿਲਾਵਾਰ ਕੈਟਾਗਿਰੀਵਾਈਜ਼ ਅਸਾਮੀਆਂ ਦੀ ਸੂਚੀ ਵੈਬ-ਸਾਈਟ ਤੇ ਅਪਲੋਡ ਕੀਤੀ ਗਈ ਹੈ। ਇਸ ਲਈ ਉਮੀਦਵਾਰ ਲਿਸਟ ਵਿੱਚ ਦਰਸਾਈਆਂ ਅਸਾਮੀਆਂ ਦੀ ਗਿਣਤੀ ਅਨੁਸਾਰ ਹੀ ਪ੍ਰੋਫਾਰਮੇ ਵਿੱਚ ਜ਼ਿਲਾ ਦੀ ਤਰਜੀਹ ਭਰਨ।
4. ਯੋਗ ਉਮੀਦਵਾਰ ਵਿਭਾਗ ਦੀ ਵੈਬਸਾਈਟ ਕੌਂਸਲਿੰਗ ਦੇ ਅੰਤਿਮ ਦਿਨ ਤੱਕ ਲਗਾਤਾਰ ਚੈੱਕ ਕਰਦੇ ਰਹਿਣ।
5. ਕੌਂਸਲਿੰਗ ਉਪਰੰਤ ਜ਼ਿਲਾ ਅਲਾਟ ਕਰਕੇ ਸਬੰਧਤ ਦਫਤਰ ਨੂੰ ਸਿਫਾਰਸ਼ਾਂ ਭੇਜਣ ਦਾ ਅੰਤਿਮ ਫੈਸਲਾ ਲੈਣ ਦਾ ਹੱਕ ਅਤੇ ਕਿਸੇ ਤਰੁੱਟੀ ਨੂੰ ਸੁਧਾਰਨ ਦਾ ਹੱਕ ਇਸ ਦਫਤਰ ਕੋਲ ਰਾਖਵਾਂ ਹੋਵੇਗਾ।
6. ਨਿਯਤ ਮਿਤੀ ਨੂੰ ਬੁਲਾਏ ਗਏ ਯੋਗ ਉਮੀਦਵਾਰ ਆਪਣੀਆਂ ਗੱਡੀਆਂ ਸਪੋਰਟਸ ਕਾਲਜ, ਕਪੂਰਥਲਾ ਰੋਡ, ਜਲੰਧਰ ਵਿਖੇ ਪਾਰਕਿੰਗ ਵਿਚ ਲਗਾ ਕੇ ਸਪੋਰਟਸ ਸਕੂਲ, ਜਲੰਧਰ ਰਾਹੀਂ ਦਫਤਰ ਵਿਖੇ ਦਾਖਲ ਹੋਣਗੇ।
7. ਉਮੀਦਵਾਰ ਦਫਤਰ ਡਾਇਰੈਕਟਰ ਭੋਂ ਰਿਕਾਰਡ, ਪੰਜਾਬ, ਕਪੂਰਥਲਾ ਰੋਡ, ਜਲੰਧਰ ਵਿਖੇ ਨਿਸ਼ਚਿਤ ਮਿਤੀ ਨੂੰ ਸਵੇਰੇ 9:00 ਵਜੇ ਹਾਜ਼ਰ ਹੋਣਗੇ ਅਤੇ ਕਾਊਂਸਲਿੰਗ ਠੀਕ 10:00 ਵਜੇ ਸ਼ੁਰੂ ਹੋ ਜਾਵੇਗੀ।
8. ਸਬੰਧਤ ਉਮੀਦਵਾਰਾਂ ਨੂੰ ਕਿਹਾ ਜਾਂਦਾ ਹੈ ਕਿ ਕਾਊਂਸਲਿੰਗ ਵਾਲੇ ਦਿਨ ਸੜਕਾਂ ਤੇ ਟ੍ਰੈਫਿਕ ਜਾਮ ਆਦਿ ਕਾਰਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਲੋੜੀਂਦੀ ਸਾਵਧਾਨੀ ਵਰਤੀ ਜਾਵੇ ਅਤੇ ਸਮੇਂ ਸਿਰ ਪਹੁੰਚਣਾ ਉਨ੍ਹਾਂ ਦੀ ਆਪਣੀ ਜਿੰਮੇਵਾਰੀ ਹੋਵੇਗੀ।
9. ਇਸ ਤੋਂ ਇਲਾਵਾ ਇਹ ਦੱਸਿਆ ਜਾਂਦਾ ਹੈ ਕਿ ਜਿਹੜੇ ਉਮੀਦਵਾਰ ਕੌਂਸਲਿੰਗ ਦੀ ਮਿਤੀਆਂ ਨੂੰ ਗੈਰ-ਹਾਜ਼ਰ ਹੋਣਗੇ, ਉਨ੍ਹਾਂ ਉਮੀਦਵਾਰਾਂ ਨੂੰ ਕੌਂਸਲਿੰਗ ਦਾ ਹੋਰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ ਅਤੇ ਨਿਯਤ ਮਿਤੀ ਤੇ ਗੈਰ-ਹਾਜ਼ਰ ਜਾਂ ਦੇਰੀ ਨਾਲ ਪਹੁੰਚਣ ਤੇ ਮੈਰਿਟ ਵਿਚ ਅਗਲੇ ਉਮੀਦਵਾਰ ਨੂੰ **Preference** ਮੁਤਾਬਕ ਜ਼ਿਲਾ ਅਲਾਟ ਕਰ ਦਿੱਤਾ ਜਾਵੇਗਾ।
10. ਦਫਤਰ ਵਿਖੇ ਕੇਵਲ ਯੋਗ ਉਮੀਦਵਾਰਾਂ ਨੂੰ ਹੀ ਦਾਖਲ ਹੋਣ ਦੀ ਆਗਿਆ ਹੋਵੇਗੀ।
11. ਕਾਊਂਸਲਿੰਗ ਦੌਰਾਨ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਵੀ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।